# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ
## ਤਿਕਸ਼ਨ ਸੂਦ ਨੇ ਵਾਰਡ ਨੰ 34 ਦੇ ਮੁਹੱਲਾ ਕੱਚਾ ਟੋਬਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗੱਣ ਵਾਲੇ ਨਵੇਂ ਟਿਊਬਵੈਲ ਦੇ ਕੰਮ ਦੀ ਕੀਤੀ ਸ਼ੁਰੂਆਤ

## ਕੌਂਸਲਰਾਂ ਦੀ ਮੰਗ ਅਨੁਸਾਰ ਪੀਣ ਵਾਲੇ ਪਾਣੀ ਦੇ ਨਵੇਂ ਟਿਊਬਵੈਲ ਲਗਾਏ ਜਾ ਰਹੇ ਹਨ..........ਤਿਕਸ਼ਨ ਸੂਦ

ਹੁਸ਼ਿਆਰਪੁਰ 31 ਦਸੰਬਰ ਮੁੱਖ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਵਾਰਡ ਨੰ 34 ਦੇ ਮੁਹੱਲਾ ਕੱਚਾ ਟੋਬਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗੱਣ ਵਾਲੇ ਨਵੇਂ ਟਿਊਬਵੈਲ ਦੇ ਕੰਮ ਦੀ ਸ਼ੁਰੂਆਤ ਮੁਹੱਲੇ ਦੇ ਬਜੁਰਗ ਰਾਜਪਾਲ ਤੋਂ ਰਿਬਨ ਕਟਵਾ ਕੇ ਕੀਤੀ। ਇਸ ਮੌਕੇ ਤੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਤਿਕਸ਼ਨ ਸੂਦ ਨੇ ਦੱਸਿਆ ਕਿ ਮੁਹੱਲਾ ਵਾਸੀਆਂ ਵੱਲੋਂ ਪੀਣ ਵਾਲੇ ਪਾਣੀ ਦੀ ਕਮੀ ਦੂਰ ਕਰਨ ਲਈ ਮੰਗ ਕੀਤੀ ਗਈ ਸੀ।ਜਿਸ ਤੇ ਗੋਰ ਕਰਦੇ ਹੋਏ ਨਵਾਂ ਟਿਊਬਵੈਲ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ ਇਸ ਦੇ ਚਾਲੂ ਹੋਣ ਨਾਲ ਵਾਰਡ ਨੰ 34 ਦੇ ਨਿਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਰਹੇਗੀ। ਉਹਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪੀਣ ਵਾਲੇ ਪਾਣੀ ਦਾ ਪਧੱਰ ਹੇਠਾਂ ਜਾ ਰਿਹਾ ਹੈ। ਜਿਸਨੂੰ ਵੇਖਦੇ ਹੋਏ ਲੋਕ ਪੀਣ ਵਾਲੇ ਪਾਣੀ ਦੀ ਵਰਤੋਂ ਸਜੰਮ ਨਾਲ ਕਰਨ। ਉਹਨ੍ਹਾਂ ਦੱਸਿਆ ਕਿ ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਵਿਚ ਕੌਂਸਲਰਾਂ ਵਲੋਂ ਕੀਤੀ ਮੰਗ ਅਨੁਸਾਰ ਨਵੇਂ ਟਿਊਬਵੈਲ ਲਗਾਏ ਜਾ ਰਹੇ ਹਨ ਆਉਣ ਵਾਲੇ ਗਰਮੀ ਦੇ ਮੌਸਮ ਵਿਚ ਸ਼ਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀਂ ਹੋਵੇਗੀ।

ਵਾਰਡ ਨੰ: 34 ਦੇ ਕੌਂਸਲਰ ਸੁਨੀਤਾ ਦੂਆ ਅਤੇ ਸਾਬਕਾ ਕੌਂਸਲਰ ਸੰਜੀਵ ਦੂਆ ਨੇ ਮੁਹੱਲਾ ਵਾਸੀਆਂ ਵਲੋਂ ਤਿਕਸ਼ਨ ਸੂਦ ਅਤੇ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਦਾ ਟਿਊਬਵੈਲ ਲਗਾਉਣ ਦਾ ਕੰਮ ਸ਼ੁਰੂ ਕਰਨ ਤੇ ਧੰਨਵਾਦ ਕੀਤਾ। ਕਾਰਜਕਾਰੀ ਇੰਜੀਨੀਅਰ ਸਤੀਸ਼ ਸੈਣੀ, ਜੇ.ਈ (ਮਕੈਨੀਕਲ) ਅਸ਼ਵਨੀ ਸ਼ਰਮਾ, ਵਿਜੇ ਸੂਦ, ਅਨੰਦਵੀਰ ਸਿੰਘ, ਰਾਮਦੇਵ ਯਾਦਵ, ਲਵਲੀ ਪਹਿਲਵਾਨ, ਨਰਿੰਦਰ ਬੱਗਾ, ਵਿਵੇਕ ਸ਼ਰਮਾ, ਯਸ਼ਪਾਲ ਸ਼ਰਮਾ, ਰੋਸ਼ਨ ਲਾਲ, ਅਰੁਨ, ਖੁਸ਼ੀ ਰਾਮ, ਸੰਤੋਸ਼, ਅਸ਼ੋਕ ਮੇਹਰਾ, ਸੰਦੀਪ ਨਗੋਰੀ, ਸੁਭਾਸ਼, ਰਕੇਸ਼ ਮੋਹਨ ਸੈਣੀ ਅਤੇ ਮੁਹੱਲਾ ਨਿਵਾਸੀ ਇਸ ਮੋਕੇ ਤੇ ਹਾਜਰ ਸਨ।